ਦਫਤਰ ਉਪ ਮੰਡਲ ਇੰਜੀਨੀਅਰ, ਉਪ ਮੰਡਲ, ਲੋਕ ਨਿਰਮਾਣ ਵਿਭਾਗ, ਭਵਨ ਤੇ ਮਾਰਗ ਸ਼ਾਖਾ, ਮੋਰਿੰਡਾ

Email.ID subdivisionmorindapwd@gmail.com

ਵੱਲ

ਪ੍ਰਿੰਸੀਪਲ,
ਗ੍ਰੀਨਵੇਜ਼ ਸਕੂਲ,
ਰੁੜਕੀ ਹੀਰਾਂ,
ਜਿਲ੍ਹਾ ਰੂਪਨਗਰ।

ਮੀਮੋ ਨੰ. 273 ਮਿਤੀ: 16-05-2023

**ਵਿਸ਼ਾ:-** **ਸਕੂਲ ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਸਬੰਧੀ ਸਾਲ 2023-24**

**ਹਵਾਲਾ:-** **ਆਪ ਦਾ ਪੱਤਰ ਨੰ. GWS/2023-2024 ਮਿਤੀ: 28-03-2023 ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਨੰ.1,ਲੋ.ਨਿ.ਵਿ. ਭ ਤੇ ਮ ਸ਼ਾਖਾ, ਐਸ.ਏ.ਐਸ. ਨਗਰ ਜੀ ਵੱਲ।**

*******

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਆਪ ਦੇ ਗ੍ਰੀਨਵੇਜ਼ ਸਕੂਲ, ਰੁੜਕੀ ਹੀਰਾਂ, ਜਿਲ੍ਹਾ ਰੂਪਨਗਰ ਦੀ ਬਿਲਡਿੰਗ ਦਾ ਇਸ ਦਫਤਰ ਦੇ ਸ੍ਰੀ ਕਰਮਜੀਤ ਸਿੰਘ, ਜੂਨੀਅਰ ਇੰਜੀਨੀਅਰ ਨੇ ਨਿਰੀਖਣ ਕੀਤਾ ਹੈ. ਨਿਰੀਖਣ ਕਰਨ ਉਪਰੰਤ ਜੂਨੀਅਰ ਇੰਜੀਨੀਅਰ ਦੀ ਰਿਪੋਰਟ ਅਨੁਸਾਰ ਉਕਤ ਬਿਲਡਿੰਗ ਸੇਫ ਹੈ। ਸ੍ਰੀ ਕਰਮਜੀਤ ਸਿੰਘ, ਜੂਨੀਅਰ ਇੰਜੀਨੀਅਰ ਦੀ ਰਿਪੋਰਟ ਦੇ ਅਧਾਰ ਤੇ ਆਪ ਨੂੰ ਉਪਰੋਕਤ ਸਕੂਲ ਬਿਲਡਿੰਗ ਸੇਫਟੀ ਸਰਟੀਫਿਕੇਟ ਸਾਲ 2023-24 **ਸਮਾਂ 31.03.2024 (ਇਕੱਤੀ ਮਾਰਚ ਦੋ ਹਜ਼ਾਰ ਚੌਵੀ)** ਤੱਕ ਦੇ ਸਮੇਂ ਲਈ ਜਾਰੀ ਕੀਤਾ ਜਾਂਦਾ ਹੈ। ਇਹ ਸਰਟੀਫਿਕੇਟ ਹੇਠ ਲਿਖੀਆਂ ਸ਼ਰਤਾਂ ਤੇ ਜਾਰੀ ਕੀਤਾ ਜਾਂਦਾ ਹੈ ਕਿ:-

1) ਸਕੂਲ ਬਿਲਡਿੰਗ ਦੀ ਬਾਹਰੀ ਦਿੱਖ ਤੋਂ ਅੰਦਰੂਨੀ ਸਟਰਕਚਰਲ ਸਟੇਬਿਲਟੀ ਚੈਕ ਨਹੀ ਕੀਤੀ ਜਾ ਸਕਦੀ। ਇਸ ਲਈ ਜੇਕਰ ਕਿਸੇ ਵੀ ਸਮੇਂ ਬਿਲਡਿੰਗ ਦੇ ਸਟਰਕਚਰਲ ਡਿਜ਼ਾਈਨ ਵਿੱਚ ਕਮੀ ਕਾਰਨ ਬਿਲਡਿੰਗ ਨੂੰ ਨੁਕਸਾਨ ਹੁੰਦਾ ਹੈ ਤਾਂ ਇਸ ਲਈ ਸਕੂਲ ਅਥਾਰਿਟੀ ਖੁਦ ਜਿੰਮੇਵਾਰ ਹੋਵੇਗੀ।

2) ਜੇਕਰ ਸਕੂਲ ਅਥਾਰਟੀ ਵੱਲੋਂ ਬਿਲਡਿੰਗ ਵਿੱਚ ਕਿਸੇ ਵੀ ਤਰ੍ਹਾਂ ਦੀ ਅਡੀਸ਼ਨ/ਅਲਟਰੇਸ਼ਨ ਅਤੇ ਮੋਡੀਫਿਕੇਸ਼ਨ ਕੀਤੀ ਜਾਂਦੀ ਹੈ ਤਾਂ ਉਹ ਕਿਸੀ ਟੈਕਨੀਕਲ ਕੁਆਲੀਫਾਈਡ ਇੰਜੀਨੀਅਰ ਦੀ ਦੇਖ ਰੇਖ ਵਿੱਚ ਕਰਵਾਈ ਜਾਵੇ ਅਤੇ ਉਸ ਇੰਜੀਨੀਅਰ ਤੋਂ ਸਰਟੀਫਿਕੇਟ ਲਿਆ ਜਾਵੇ ਕਿ ਇਸ ਅਡੀਸ਼ਨ/ਅਲਟਰੇਸ਼ਨ ਅਤੇ ਮੋਡੀਫਿਕੇਸ਼ਨ ਕਰਨ ਨਾਲ ਬਿਲਡਿੰਗ ਸਟਰਕਚਰਲੀ ਸੇਫ ਰਹੇਗੀ ਅਤੇ ਇਹ ਕੰਮ ਕਰਨ ਤੋਂ ਬਾਅਦ ਸਕੂਲ ਵੱਲੋਂ ਦੁਬਾਰਾ ਸਕੂਲ ਬਿਲਡਿੰਗ ਸੇਫਟੀ ਸਰਟੀਫਿਕੇਟ ਲਿਆ ਜਾਵੇਗਾ।

3) ਜੇਕਰ ਬਿਲਡਿੰਗ ਨੂੰ ਕੁਦਰਤੀ ਆਫਤ ਜਿਵੇਂ ਕਿ ਹੜ੍ਹ/ਭੂਚਾਲ ਆਦਿ ਨਾਲ ਨੁਕਸਾਨ ਹੁੰਦਾ ਹੈ ਅਤੇ ਦੀਵਾਰਾਂ/ਨੀਹਾਂ ਵਿੱਚ ਕਿਸੇ ਤਰ੍ਹਾਂ ਦੀ ਸੈਟਲਮੈਂਟ ਅਤੇ ਛੱਤਾਂ ਵਿੱਚ ਸੇਗਿੰਗ ਆਉਂਦੀ ਹੈ ਤਾਂ ਸਕੂਲ ਅਥਾਰਟੀ ਤੁਰੰਤ ਇਸ ਵਿਭਾਗ ਦੇ ਧਿਆਨ ਵਿੱਚ ਲਿਆਵੇਗੀ।

4) ਅੱਗ ਬੁਝਾਊ ਯੰਤਰ ਸਬੰਧਿਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਤਸੱਲੀਬਖਸ਼/ਚਾਲੂ ਹਾਲਤ ਵਿੱਚ ਹੋਣੇ ਚਾਹੀਦੇ ਹਨ ਅਤੇ ਕਰਮਚਾਰੀ ਅੱਗ ਬੁਝਾਉਣ ਸਬੰਧੀ ਟਰੇਂਡ ਹੋਣੇ ਚਾਹੀਦੇ ਹਨ। ਫਾਇਰ ਸੇਫਟੀ ਸਰਟੀਫਿਕੇਟ ਨਵੀਨੀਕਰਨ ਦੀ ਨਿਰੋਲ ਜ਼ਿੰਮੇਵਾਰੀ ਆਪ ਦੇ ਸਕੂਲ ਦੀ ਹੋਵੇਗੀ।

5) ਇਹ ਸਰਟੀਫਿਕੇਟ ਕਿਸੇ ਵੀ ਤਰ੍ਹਾਂ ਦੇ ਲੀਗਲ ਕੇਸਾਂ ਲਈ ਪ੍ਰਮਾਣਿਤ ਨਹੀਂ ਹੋਵੇਗਾ।

ਉਪਰੋਕਤ ਸ਼ਰਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ, ਜੇਕਰ ਆਪ ਵੱਲੋਂ ਕੋਈ ਵੀ ਅਣਗਹਿਲੀ/ਢਿੱਲ ਵਰਤੀ ਜਾਂਦੀ ਹੈ ਤਾਂ ਇਹ ਬਿਲਡਿੰਗ ਸੇਫਟੀ ਸਰਟੀਫਿਕੇਟ ਤਤਕਾਲ ਸਮੇਂ ਤੋਂ ਰੱਦ ਸਮਝਿਆ ਜਾਵੇਗਾ।

ਨੱਥੀ/ ਸਰਟੀਫਿਕੇਟ

ਉਪ ਮੰਡਲ ਇੰਜੀਨੀਅਰ,
ਉਪ ਮੰਡਲ ਲੋ.ਨਿ.ਵਿ. ਭ ਤੇ ਮ ਸ਼ਾਖਾ,
ਮੋਰਿੰਡਾ।
ਮਿਤੀ:

ਪਿੱਠ ਅੰਕਣ ਨੰ.

ਉਪਰੋਕਤ ਦਾ ਉਤਾਰਾ ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਨੰ. 1, ਲੋ.ਨਿ.ਵਿ. ਭ ਤੇ ਮ ਸ਼ਾਖਾ, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਜੀ ਨੂੰ ਉਹਨਾਂ ਦੇ ਪਿੱਠ ਅੰਕਣ ਨੰ. 2295 ਮਿਤੀ: 21.04.2023 ਦੇ ਸਬੰਧ ਵਿੱਚ

Principal
Greenways School
Rurki Heeran (Ropar)